ਕੇਂਦਰੀ ਸਹਿਕਾਰੀ ਬੈਂਕਾਂ ਦੇ ਕਰਮਚਾਰੀਆਂ ਦੀ ਹੜਤਾਲ13ਵੇਂ ਦਿਨ ’ਚ ਦਾਖਲ

ਆਜ਼ਾਦ ਸੋਚ,
ਵਿਰੇਂਦਰਪਾਲ ਮੰਤਰੋ,
ਜੋਗਾ, 14 ਨਵੰਬਰ :
==============

ਰਜਿਸਟਰਾਰ, ਸਹਿਕਾਰੀ ਸਭਾਵਾਂ, ਪੰਜਾਬ ਅਤੇ ਬੈਂਕ ਮੈਨੇਜਮੈਂਟ ਵੱਲੋਂ ਬੈਂਕ ਕਰਮਚਾਰੀਆਂ ਉੱਪਰ ਛੇਵਾਂ ਪੇਅ ਕਮਿਸ਼ਨ ਪੂਰਨ ਰੂਪ ਵਿੱਚ ਲਾਗੂ ਨਾ ਕਰਨ ਦੇ ਵਿਰੋਧ ਵਿੱਚ ਪੰਜਾਬ ਦੇ 8 ਜ਼ਿ?ਲ੍ਹਾ ਕੇਂਦਰੀ ਸਹਿਕਾਰੀ ਬੈਂਕਾਂ ਦੇ ਕਰਮਚਾਰੀਆਂ ਦੀ ਹੜਤਾਲ ਅੱਜ 13ਵੇਂ ਦਿਨ ਵੀ ਜਾਰੀ ਰਹੀ, ਜਿਸ ਕਾਰਨ ਬੈਂਕ ਦਾ ਕੰਮਕਾਜ ਪੂਰੀ ਤਰਾਂ ਠੱਪ ਰਿਹਾ। ਜ਼ਿ?ਕਰਯੋਗ ਹੈ ਕਿ ਸਮੂਹ ਪੰਜਾਬ ਅੰਦਰ ਸਾਰੀਆਂ ਜ਼ਿ?ਲ੍ਹਾ ਕੇਂਦਰੀ ਸਹਿਕਾਰੀ ਬੈਂਕਾਂ ਦੇ ਕਰਮਚਾਰੀ ਛੇਵੇਂ ਪੇਅ ਕਮਿਸ਼ਨ ਲਈ ਸੰਘਰਸ਼ ਰਾਹ ਪੈਣ ਲਈ ਮਜਬੂਰ ਹਨ, ਜਿਸ ਦੇ ਚਲਦੇ ਪਿਛਲੇ ਇੱਕ ਸਾਲ ਤੋਂ ਲਗਾਤਾਰ ਮੀਟਿੰਗਾਂ, ਹੜਤਾਲਾਂ ਦਾ ਦੌਰ ਜਾਰੀ ਹੈ। ਇਸ ਬਾਰੇ ਦੀ ਮਾਨਸਾ ਕੇਂਦਰੀ ਸਹਿਕਾਰੀ ਬੈਂਕ ਕਰਮਚਾਰੀ ਯੂਨੀਅਨ ਦੇ ਪ੍ਰੈਸ ਸਕੱਤਰ ਮੋਹਿੰਦਰ ਸਿੰਘ ਨੇ ਦੱਸਿਆ ਕਿ ਮਿਤੀ ਮਿਤੀ 14 ਨਵੰਬਰ, 2022 (ਦਿਨ ਸੋਮਵਾਰ) ਤੋਂ ਸਮੁਚੇ ਪੰਜਾਬ ਦੇ 20 ਜ਼ਿ?ਲ੍ਹਾ ਕੇਂਦਰੀ ਸਹਿਕਾਰੀ ਬੈਂਕਾਂ ਦੇ ਕਰਮਚਾਰੀ ਅਣਮਿਥੇ ਸਮੇਂ ਲਈ ਹੜਤਾਲ ਤੇ ਚਲੇ ਗਏ ਹਨ। ਸਰਕਾਰ ਦੇ ਅਜਿਹੇ ਰਵੱਈਆ ਕਾਰਨ ਪੰਜਾਬ ਰਾਜ ਦੀਆਂ 4000 ਤੋਂ ਜਿਆਦਾ ਪ੍ਰਾਇਮਰੀ ਐਗਰੀਕਲਚਰ ਸਹਿਕਾਰੀ ਸਭਾਵਾਂ ਨਾਲ ਜੁੜੇ ਕਿਸਾਨਾਂ ਨੂੰ ਬਹੁਤ ਹੀ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਜਿਸ ਦੇ ਰੋਸ ਵਜੋਂ ਕਿਸਾਨਾਂ ਵੱਲੋਂ ਵੀ ਡੀ.ਸੀ. ਦਫਤਰਾਂ ਅੱਗੇ ਧਰਨੇ ਦਿੱਤੇ ਜਾ ਰਹੇ ਹਨ। ਜਿੰਨ੍ਹਾਂ ਜਿਲ੍ਹਾ ਕੇਂਦਰੀ ਸਹਿਕਾਰੀ ਬੈਂਕਾਂ ਨੂੰ ਛੇਵੇਂ ਪੇਅ ਕਮਿਸ਼ਨ ਦਾ ਲਾਭ ਨਹੀ ਦਿੱਤਾ ਗਿਆ ਹੈ ਇਹ ਜਿਆਦਾਤਰ ਬੈਂਕ ਬਾਰਡਰ ਏਰੀਏ ਵਿੱਚ ਸਥਿਤ ਹਨ, ਜਿੰਨ੍ਹਾਂ ਵਿੱਚ ਮਾਨਸਾ ਸਮੇਤ ਸ੍ਰੀ ਮੁਕਤਸਰ ਸਾਹਿਬ, ਸ੍ਰੀ ਅੰਮ੍ਰਿਤਸਰ ਸਾਹਿਬ, ਫਾਜਿਲਕਾ, ਫਰੀਦਕੋਟ, ਫਿਰੋਜ਼ਪੁਰ, ਗੁਰਦਾਸਪੁਰ, ਤਰਨਤਾਰਨ ਸ਼ਾਮਿਲ ਹਨ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਚਾਹੇ ਤਾਂ ਤੁਰੰਤ ਛੇਵੇਂ ਪੇਅ ਕਮਿਸ਼ਨ ਨੂੰ ਪੂਰਨ ਰੂਪ ਵਿੱਚ ਸਾਰੇ ਹੀ ਜਿਲ੍ਹਾ ਕੇਂਦਰੀ ਸਹਿਕਾਰੀ ਬੈਂਕਾਂ ਵਿੱਚ ਲਾਗੂ ਕਰ ਸਕਦੀ ਹੈ ਅਤੇ ਬੈਂਕਿੰਗ ਸਭਾਵਾਂ ਨੂੰ ਤੁਰੰਤ ਬਹਾਲ ਕਰਵਾ ਸਕਦੀ ਹੈ, ਪ੍ਰੰਤੂ ਸਰਕਾਰ ਦੇ ਰਵੱਈਏ ਤੋਂ ਜਾਪਦਾ ਹੈ ਕਿ ਸਰਕਾਰ ਆਪਣੇ ਵਾਅਦਿਆਂ ਪ੍ਰਤੀ ਬਿਲਕੁਲ ਹੀ ਸੁਹਿਰਦ ਨਹੀ ਹੈ। ਇੰਪਲਾਈ ਯੂਨੀਅਨ ਦੇ ਸੀਨੀਅਰ ਮੀਤ ਪ੍ਰਧਾਨ ਸੁਖਵਿੰਦਰ ਸਿੰਘ ਨੇ ਦੱਸਿਆ ਕਿ ਸਰਕਾਰਾਂ ਨੇ ਹਮੇਸ਼ਾ ਸਹਿਕਾਰੀ ਬੈਂਕਾਂ ਨੂੰ ਤਰੱਕੀ ਦੇ ਰਸਤੇ ਲਿਜਾਣ ਲਈ ਵੱਡੇ ਵੱਡੇ ਵਾਅਦੇ ਕੀਤੇ ਹਨ ਪਰੰਤੂ ਹਕੀਕਤ ਵਿੱਚ ਜਿਲ੍ਹਾ ਕੇਂਦਰੀ ਸਹਿਕਾਰੀ ਬੈਂਕਾਂ ਲਈ ਕੋਈ ਨਵੀਂ ਪਹਿਲ ਯਾ ਮਦਦ ਨਹੀ ਦਿੱਤੀ ਜਿਸ ਦਾ ਖਾਮਿਆਜਾ ਇਹਨਾਂ ਬੈਂਕਾਂ ਨਾਲ ਜੁੜੇ ਕਿਸਾਨ, ਗਾਹਕ ਅਤੇ ਕਰਮਚਾਰੀਆਂ ਨੂੰ ਭੁਗਤਣਾ ਪੈਂਦਾ ਹੈ। ਸਮੂਹ ਬੈਂਕ ਕਰਮਚਾਰੀਆਂ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਹੈ ਕਿ ਪਹਿਲਾਂ ਹੀ ਅਥਾਹ ਮਹਿੰਗਾਈ ਤੋਂ ਪਰੇਸ਼ਾਨ ਬੈਂਕ ਕਰਮਚਾਰੀਆਂ ਤੇ ਵੀ ਛੇਵਾਂ ਪੇਅ ਕਮਿਸ਼ਨ ਤੁਰੰਤ ਲਾਗੂ ਕੀਤਾ ਜਾਵੇ ਨਹੀਂ ਤਾਂ ਉਹਨਾਂ ਵੱਲੋਂ ਸੰਘਰਸ਼ ਨੂੰ ਹੋਰ ਤੇਜ ਕੀਤਾ ਜਾਵੇਗਾ। ਇਸ ਮੌਕੇ ਮਾਨਸਾ ਦੀ ਇੰਪਲਾਈਜ ਯੂਨੀਅਨ ਦੇ ਸਮੂਹ ਮੈਂਬਰਾਂ ਤੋਂ ਇਲਾਵਾ ਸਮੂਹ ਬੈਂਕ ਕਰਮਚਾਰੀ ਹਾਜਰ ਸਨ।

ਗੁਜਰਾਤ ਚੋਣਾਂ ਲਈ ਜ਼ਿਲ੍ਹਾ ਪ੍ਰਧਾਨ ਸ਼ਾਕਿਬ ਅਲੀ ਰਾਜਾ ਦੀ ਅਗਵਾਈ ਹੇਠ ਚੌਥਾ ਜੱਥਾ ਰਵਾਨਾ

ਆਜ਼ਾਦ ਸੋਚ,
ਡਾ. ਮਹਿਬੂਬ,
ਸੰਦੌੜ ,14 ਨਵੰਬਰ :
==============

ਗੁਜਰਾਤ ਸੂਬੇ ਅੰਦਰ ਹੋ ਰਹੀਆਂ ਵਿਧਾਨ ਸਭਾ ਦੀਆਂ ਚੋਣਾਂ ਲਈ ਪੰਜਾਬ ਤੋਂ ਆਮ ਆਦਮੀ ਪਾਰਟੀ ਦੇ ਵਰਕਰ ਵੱਡੀ ਗਿਣਤੀ ਵਿੱਚ ਵੱਖ ਵੱਖ ਜਥਿਆਂ ਰਾਹੀਂ ਜ਼ਿਲ੍ਹਾ ਪ੍ਰਧਾਨ ਸ਼ਾਕਿਬ ਅਲੀ ਰਾਜਾ ਦੀ ਅਗਵਾਈ ਹੇਠ ਜਾ ਰਹੇ ਹਨ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਆਪ ਦੇ ਸੀਨੀਅਰ ਆਗੂ ਜਗਜੀਤ ਸਿੰਘ ਰੰਧਾਵਾ ਇਮਾਮਗੜ੍ਹ ਨੇ ਦੱਸਿਆ ਕਿ ਹਿਮਾਚਲ ਸੂਬੇ ਅੰਦਰ ਹੋਈਆਂ ਚੋਣਾਂ ਅਤੇ ਗੁਜਰਾਤ ਵਿੱਚ ਹੋ ਰਹੀਆਂ ਚੋਣਾਂ ਵਿੱਚ ਆਮ ਆਦਮੀ ਪਾਰਟੀ ਬਹੁਮਤ ਨਾਲ ਜਿੱਤੇਗੀ ਅਤੇ ਸਰਕਾਰ ਬਣਾਵੇਗੀ ਇਸ ਮੌਕੇ ਉਨ੍ਹਾਂ ਦੱਸਿਆ ਕਿ ਜਿਵੇਂ ਪੰਜਾਬ ਵਿੱਚ ਰਿਸ਼ਵਤਖੋਰੀ ਖ਼ਿਲਾਫ਼ ਸਰਕਾਰ ਨੇ ਲੜਾਈ ਸ਼ੁਰੂ ਕੀਤੀ ਹੈ ਉਸੇ ਤਰ੍ਹਾਂ ਗੁਜਰਾਤ ਵੇਖ ਕੇ ਵੀ ਭ੍ਰਿਸ਼ਟਾਚਾਰ ਮੁਕਤ ਸ਼ਾਸਨ ਦਿੱਤਾ ਜਾਵੇਗਾ। ਆਪ ਪਾਰਟੀ ਦੇ ਸੁਪਰੀਮੋ ਅਰਵਿੰਦ ਕੇਜਰੀਵਾਲ ਦੀ ਅਗਵਾਈ ਵਿੱਚ ਪਾਰਟੀ ਵਰਕਰਾਂ ਨੇ ਪਹਿਲਾਂ ਦਿੱਲੀ ਜਿੱਤੀ, ਫਿਰ ਪੰਜਾਬ ਜਿੱਤਿਆ ਹੁਣ ਹਿਮਾਚਲ ਅਤੇ ਗੁਜਰਾਤ ਦੀ ਵਾਰੀ ਹੈ। ਇਸ ਲਈ ਜਿੱਥੇ ਪਾਰਟੀ ਵਰਕਰਾਂ ਹੌਸਲੇ ਬੁਲੰਦ ਹਨ ,ਉੱਥੇ ਗੁਜਰਾਤੀ ਅਤੇ ਹਿਮਾਚਲ ਪ੍ਰਦੇਸ ਦੇ ਲੋਕਾਂ ਨੇ ਰਿਸ਼ਵਤਖੋਰ ਨੂੰ ਭਜਾਉਣ ਦਾ ਮਨ ਬਣਾ ਲਿਆ ਹੈ।ਇਸ ਮੌਕੇ ਜਗਜੀਤ ਸਿੰਘ ਅਮਾਮਗੜ੍ਹ ਨੇ ਦੱਸਿਆ ਕਿ ਜਥੇ ਵਿੱਚ ਜਾਣ ਵਾਲੇਚੰਦ ਸਿੰਘ, ਰਮਨਦੀਪ ਸਿੰਘ ਮੁਹੰਮਦ ਯਾਸੀਨ, ਮੁਹੰਮਦ ਸਦੀਕ,ਮੁਹੰਮਦ ਲਾਲੀ, ਮੁਹੰਮਦ ਰਮਜਾਨ,ਗੁਰਮੀਤ ਸਿੰਘ, ਮੁਹੰਮਦ ਰਫੀਕ,ਅਕਰਮ ਖਾਂ ਜਰਨੈਲ ਸਿੰਘ ਆਦਿ ਹਾਜ਼ਰ ਸਨ।

ਸ਼ਰਾਬ ਦੇ ਕੇਸ ਵਿੱਚੋਂ ਮੁਲਜ਼ਮ ਬਰੀ

ਆਜ਼ਾਦ ਸੋਚ,
ਪਟਿਆਲਾ, 13 ਨਵੰਬਰ :
================

ਮਾਣਯੋਗ ਜੱਜ ਸ੍ਰੀ ਮਨਜਿੰਦਰ ਸਿੰਘ ਜੀ ਦੀ ਅਦਾਲਤ ਵਿਖੇ ਸ਼ਰਾਬ ਦੇ ਇੱਕ ਕੇਸ਼ ਵਿੱਚੋਂ ਮੁਲਜ਼ਮ ਅਮਿਤ ਕੁਮਾਰ ਪੁੱਤਰ ਲਛਮਣ ਦਾਸ ਨੂੰ ਬਾਇੱਜਤ ਬਰੀ ਕਰ ਦਿੱਤਾ। ਇਸ ਸਬੰਧੀ ਐਡਵੋਕੇਟ ਹਰਮਿੰਦਰ ਸਿੰਘ ਆਹਲੂਵਾਲੀਆ ਨੇ ਦੱਸਿਆ ਕਿ ਸ਼ਰਾਬ ਦੀਆਂ 372 ਬੋਤਲਾਂ ਦਾ ਉਕਤ ਉਕਤ ਮੁਕੱਦਮਾ ਨੰ.35 ਮਿਤੀ 16-02-2020 ਨੂੰ ਥਾਣਾ ਕੋਤਵਾਲੀ ਪਟਿਆਲਾ ਵਿਖੇ ਦਰਜ ਹੋਇਆ ਸੀ। ਜਿਸ ਸਬੰਧੀ ਮਾਣਯੋਗ ਜੱਜ ਸਾਹਿਬ ਸ੍ਰੀ ਮਨਜਿੰਦਰ ਸਿੰਘ ਜੀ ਵੱਲੋਂ ਵਕੀਲ ਐਚ. ਐਸ ਆਹਲੂਵਾਲੀਆ ਦੀਆਂ ਦਲੀਲਾਂ ਨੂੰ ਮੰਨਦੇ ਹੋਏ ਉਕਤ ਮੁਲਜ਼ਮ ਨੂੰ ਬਰੀ ਕਰ ਦਿੱਤਾ ਗਿਆ।

ਉਤਰ ਰੇਲਵੇ

ਨਿਵਿਦਾ ਸੂਚਨਾ

1.	ਐਨ.ਆਈ.ਟੀ. ਸੰਖਿਆ	ਐਨ.ਆਈ.ਟੀ./ਮੇਡ/03/ਅੰਬਾਲਾ/22
2.	ਟੈਂਡਰ ਸੰਖਿਆ	43-ਮੇਡ-ਐਲਪੀ-ਅੰਬਾਲਾ-3-22
3.	ਕੰਮ ਦਾ ਨਾਮ	ਮੰਡਲ ਰੇਲਵੇ ਹਸਪਤਾਲ ਅੰਬਾਲਾ ਛਾਉਣੀ ਵਿਚ ਦਵਾਈਆਂ ਅਤੇ ਹੋਰ ਉਪਭੋਜਯ ਅਤੇ ਡਿਸਪੋਜੇਬਲ ਆਈਟਮ ਦੀ ਦੈਨਿਕ ਸਥਾਨਕ ਖਰੀਦ ਦੇ ਲਈ ਰਿਟੇਲ ਸਪਲਾਇਰਸ ਦਾ ਦੋ ਸਾਲ ਦੇ ਲਈ ਇਮਪੈਨਲਮੈਂਟ
4.	ਬਿਆਨਾ ਰਾਸ਼ੀ ਰੁ.	ਰੁ. 237210/- ਰਾਸ਼ਟਰੀਕ੍ਰਿਤ/ਸ਼ਡਿਊਲ ਬੈਂਕ ਦੁਆਰਾ ਜਾਰੀ ਬੈਂਕਰ ਚੈਕ/ਡਿਮਾਂਡ ਡ੍ਰਾਫਟ ਜੋ ਸੀਨੀ. ਮੰਡਲ ਵਿਤ ਪ੍ਰਬੰਧਕ ਉਤਰ ਰੇਲਵੇ ਅੰਬਾਲਾ ਛਾਉਣੀ ਦੇ ਨਾਮ ਜਾਰੀ ਹੋਵੇ (ਜ਼ਰੂਰੀ)
5.	ਕੰਮ ਸਮਾਂ	ਦੋ ਸਾਲ
6.	ਟੈਂਡਰ ਪਾਉਣ ਤੇ ਖੋਹਲਣ ਦੀ ਅੰਤਮ ਮਿਤੀ ਤੇ ਸਮਾਂ	ਟੈਂਡਰ ਪਾਉਣ ਦਾ ਸਮਾਂ ਮਿਤੀ 06.12.2022 ਨੂੰ 15.00 ਵਜੇ ਤਕ ਟੈਂਡਰ ਖੋਹਲਣ ਦਾ ਸਮਾਂ ਮਿਤੀ 06.12.2022 ਨੂੰ 15.10 ਵਜੇ ਚੀਫ ਮੈਡੀਕਲ ਸੁਪਰਟੈਂਡੰਟ ਉਤਰ ਰੇਲਵੇ ਅੰਬਾਲਾ ਛਾਉਣੀ ਦੇ ਦਫਤਰ ਵਿਚ (ਜੇਕਰ ਮਿਤੀ 06.12.2022 ਨੂੰ ਛੁੱਟੀ ਹੁੰਦੀ ਹੈ ਤਾਂ ਟੈਂਡਰ ਅਗਲੇ ਕੰਮ ਵਾਲੇ ਦਿਨ ਤੇ ਖੋਹਲਿਆ ਜਾਵੇਗਾ)
7.	ਉਤਰ ਰੇਲਵੇ ਦੀ ਵੈਬਸਾਈਟ	www.nr.indianrailways.gov.in ਨਿਵਿਦਾ ਦਾਤਾ ਮਿਤੀ 15.11.2022 ਤੋਂ 06.11.2022 ਨੂੰ 10.00 ਵਜੇ ਤਕ ਆਪਣੇ ਰਿਸਕ ਤੇ ਨਿਵਿਦਾ ਕਾਗਜਾਤ ਡਾਊਨਲੋਡ ਕਰ ਸਕਦੇ ਹਨ

ਨੰ. ਐਨ.ਆਈ.ਟੀ./ਮੇਡ/03/ਅੰਬਾਲਾ/22 ਮਿਤੀ 12.11.2022 3032/2022

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

ਯਾਦਗਾਰੀ ਹੋ ਨਿੱਬੜਿਆ ਸਰਕਾਰੀ ਮਿਡਲ ਸਕੂਲ ਸੰਗਤਪੁਰ ਦਾ ਬਾਲ ਮੇਲਾ

ਸਮਾਰਟ ਕਲਾਸ ਰੂਮ।
ਸਰਕਾਰੀ ਐਲੀਮੈਂਟਰੀ ਸਕੂਲ ਸੰਗਤਪੁਰ

ਆਜ਼ਾਦ ਸੋਚ,
ਨਿਰਮਲ ਸਿੰਘ
ਚੋਹਲਾ ਸਾਹਿਬ 13 ਨਵੰਬਰ :
================

ਪੰਡਿਤ ਜਵਾਹਰ ਲਾਲ ਨਹਿਰੂ ਦੇ ਜਨਮ ਦਿਹਾੜੇ ਤੇ ਮਨਾਏ ਜਾਣ ਵਾਲੇ ਚਿਲਡਰਨ ਡੇ ਨੂੰ ਸਮਰਪਿਤ ਬਾਲ ਮੇਲਾ ਜ਼ਿ?ਲ੍ਹਾ ਸਿੱਖਿਆ ਅਫਸਰ ਸੈਕੰਡਰੀ ਸ੍ਰ. ਹਰਭਗਵੰਤ ਸਿੰਘ ਅਤੇ ਉੱਪ ਜ਼ਿ?ਲ੍ਹਾ ਸਿੱਖਿਆ ਅਫਸਰ ਸੈਕੰਡਰੀ ਸ੍ਰ. ਗੁਰਬਚਨ ਸਿੰਘ ਲਾਲੀ ਦੀ ਯੋਗ ਰਹਿਨੁਮਾਈ ਹੇਠ ਸਰਕਾਰੀ ਮਿਡਲ ਸਕੂਲ ਸੰਗਤਪੁਰ ਬਲਾਕ ਚੋਹਲਾ ਸਾਹਿਬ ਵਿਖੇ ਯਾਦਗਾਰੀ ਹੋ ਨਿੱਬੜਿਆ । ਇਸ ਮੇਲੇ ਵਿੱਚ ਵਿਦਿਆਰਥੀਆਂ ਵੱਲੋਂ ਰੰਗਾਰੰਗ ਪੇਸਕਾਰੀਆਂ ,ਕਵਿਤਾ ਗਾਇਨ ਅਤੇ ‘ਅੱਜ ਦਾ ਸ਼ਬਦ ਮੁਕਾਬਲੇ ਵਿੱਚ ਭਾਗ ਲਿਆ ਗਿਆ ।ਜੇਤੂ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ ਗਿਆ ਸਕੂਲਮੁਖੀ ਸੰਦੀਪ ਕੌਰ ਨੇ ਆਏ ਹੋਏ ਮੁੱਖ ਮਹਿਮਾਨ ,ਮਾਤਾ ਪਿਤਾ ਸਹਿਬਾਨ ਅਤੇ ਪਤਵੰਤੇ ਸੱਜਣਾਂ ਦੀ ਹਾਜਰੀ ਵਿੱਚ ਸਰਕਾਰੀ ਸਕੂਲਾਂ ਵਿੱਚ ਅਧਿਆਪਕ ਸਹਿਬਾਨਾਂ ਵੱਲੋਂ ਕਰਵਾਈ ਜਾਂਦੀ ਮਿਹਨਤ ਤੋਂ ਬਾਖੂਬੀ ਵਾਕਿਫ ਕਰਵਾਇਆ ਆਏ ਹੋਏ ਮੁੱਖ ਮਹਿਮਾਨ ਅਤੇ ਪਤਵੰਤੇ ਸੱਜਣਾਂ ਦਾ ਧੰਨਵਾਦ ਕੀਤਾ ।

ਸਤਲੁੱਜ ਪਬਲਿਕ ਸਕੂਲ ਠੱਕਰਪੁਰਾ ਵਿੱਖੇ ਬਾਲ ਦਿਵਸ ਮਨਾਇਆ

ਆਜ਼ਾਦ ਸੋਚ,
ਅਵਤਾਰ ਸਿੰਘ ਢਿੱਲੋਂ,
ਪੱਟੀ, 14 ਨਵੰਬਰ :
=============

ਸਤਲੁੱਜ ਪਬਲਿਕ ਸਕੂਲ ਠੱਕਰਪੁਰਾ ਵਿੱਖੇ ਬਾਲ ਦਿਵਸ ਮਨਾਇਆ ਗਿਆ। ਇਸ ਮੌਕੇ ਨਰਸਰੀ ਵਿੰਗ ਦਾ ਫੈਸੀ ਡਰੈੱਸ ਮੁਕਾਬਲਾ ਕਰਵਾਇਆ ਗਿਆ ਤੇ ਪ੍ਰਾਇਮਰੀ ਵਿੰਗ ਦਾ ਸਟੋਰੀ ਟੈਲਿੰਗ ਮੁਕਾਬਲਾ ਕਰਵਾਇਆ ਗਿਆ। ਜਿਸ ਵਿੱਚ ਸਕੂਲ ਦੇ ਛੋਟੇ ਛੋਟੇ ਬੱਚਿਆਂ ਨੇ ਉਤਸਾਹ ਨਾਲ ਭਾਗ ਲਿਆ ਅਤੇ ਰੰਗਾ ਰੰਗ ਪ੍ਰੋਗਰਾਮ ਪੇਸ ਕੀਤਾ। ਇਸ ਮੌਕੇ +1 ਦੀ ਵਿਦਾਰਥਣ ਅਵਲੀਨ ਕੌਰ ਨੇ ਸਪੀਚ ਪੇਸ ਕੀਤੀ। ਸਕੂਲ ਦੇ ਪ੍ਰਿੰਸੀਪਲ ਰਾਜਬੀਰ ਕੌਰ ਨੇ ਬੱਚਿਆਂ ਨਾਲ ਆਪਣੇ ਵਿਚਾਰ ਸਾਂਝੇ ਕੀਤੇ ਅਤੇ ਉਨ੍ਹਾਂ ਨੂੰ ਇਸ ਦਿਨ ਦੀ ਅਹਿਮੀਅਤ ਬਾਰੇ ਜਾਣੂ ਕਰਵਾਇਆ। ਇਸ ਮੌਕੇ ਸਕੂਲ ਦੇ ਡਾਇਰੈਕਟਰ ਹਰਬੀਰ ਸਿੰਘ ਗਿੱਲ ਨੇ ਸਕੂਲ ਸਟਾਫ ਮੈਂਬਰ ਅਤੇ ਬਚਿਆਂ ਨੂੰ ਵਧਾਈ ਦਿੱਤੀ ਅਤੇ ਉਨ੍ਹਾਂ ਦੇ ਚੰਗੇ ਭਵਿੱਖ ਲਈ ਸੁੱਭ ਇੱਛਾਵਾਂ ਦਿੱਤੀਆਂ।

ਨਾਮ ਬਦਲੀ

ਮੈਂ, ਵਿਕਰਮ ਕੁਮਾਰ (ਨਵਾਂ ਨਾਮ) ਪੁੱਤਰ ਸ੍ਰੀ. ਮਦਨ ਲਾਲ ਵਾਸੀ ਮਕਾਨ ਨੰ.140, ਜੈ ਜਵਾਨ ਕਲੋਨੀ ਬਡੂੰਗਰ ਪਟਿਆਲਾ (ਪੰਜਾਬ) ਬਿਆਨ ਕਰਦਾ ਹਾਂ ਕਿ ਪਹਿਲਾਂ ਮੈਨੂੰ ਵਿਕਰਮ ਦੇ ਨਾਂਅ ਨਾਲ ਜਾਣਿਆ ਜਾਂਦਾ ਸੀ ਅਤੇ ਹੁਣ ਮੈਂ ਆਪਣਾ ਨਾਮ ਵਿਕਰਮ ਕੁਮਾਰ ਰੱਖ ਲਿਆ ਹੈ। ਮੈਂ ਬਿਆਨ ਕਰਦਾ ਹਾਂ ਕਿ ਉਕਤ ਦੋਵੇਂ ਨਾਮ ਇੱਕੋ ਹੀ ਵਿਅਕਤੀ ਦੇ (ਮੇਰੇ) ਹੀ ਹਨ। ਸਬੰਧਤ ਨੋਟ ਕਰਨ।

ਬੇਦਖਲੀ ਸੂਚਨਾ

ਮੈਂ, ਗੁਰਦੇਵ ਸਿੰਘ ਪੁੱਤਰ ਕੇਸਰ ਸਿੰਘ ਵਾਸੀ ਵਾਰਡ ਨੰ.9, ਘਨੌਰ, ਜ਼ਿਲ੍ਹਾ ਪਟਿਆਲਾ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਕ੍ਰਿਸ਼ਨ ਕੁਮਾਰ ਜੋਕਿ ਮੇਰੇ ਅਤੇ ਮੇਰੇ ਪਰਿਵਾਰ ਦੇ ਕਹਿਣੇ ਤੋਂ ਬਾਹਰ ਹੈ ਅਤੇ ਮੇਰੇ ਨਾਲ ਲੜਾਈ ਝਗੜਾ ਕਰਦਾ ਹੈ। ਇਸ ਲਈ ਮੈਂ ਆਪਣੇ ਲੜਕੇ ਤੋਂ ਤੰਗ ਆ ਕੇ ਉਸਨੂੰ ਆਪਣੀ ਚੱਲ ਤੇ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਸ ਨਾਲ ਲੈਣ ਦੇਣ ਕਰਨ ਵਾਲਾ ਖੁਦ ਜਿੰਮੇਵਾਰ ਹੋਵੇਗਾ ਅਤੇ ਉਹ ਆਪਣੇ ਨਫੇ ਨੁਕਸਾਨ ਦਾ ਖੁਦ ਜਿੰਮੇਵਾਰ ਹੋਵੇਗਾ। ਮੇਰੀ ਤੇ ਮੇਰੇ ਪਰਿਵਾਰ ਦੀ ਕੋਈ ਜਿੰਮੇਵਾਰੀ ਨਹੀਂ ਹੋਵੇਗੀ।

ਮੋਟਰ ਕੁਨੈਕਸ਼ਨ ਬਦਲੀ

ਇੱਕ ਵੀਹ ਹਾਰਸ ਪਾਵਰ ਦੀ ਮੋਟਰ ਜਿਸ ਦਾ ਖਾਤਾ ਨੰਬਰ ਕੇ ਆਰ ਏ ਪੀ 297 ਹੈ, ਜੋ ਸੁਰਜੀਤ ਸਿੰਘ ਪੁੱਤਰ ਆਤਮਾ ਸਿੰਘ, ਪਿੰਡ ਛਾਜਲੀ, ਤਹਿਸੀਲ ਸੁਨਾਮ, ਜ਼ਿਲ੍ਹਾ ਸੰਗਰੂਰ, ਰਕਬਾ ਖੋਖਰ ਦੇ ਨਾਮ ਚੱਲਦੀ ਹੈ। ਹੁਣ ਇਸਨੂੰ ਬੱਲਮ ਸਿੰਘ ਪੁੱਤਰ ਸੁਰਜੀਤ ਸਿੰਘ ਪਿੰਡ ਖੋਖਰ, ਰਕਬਾ ਖੋਖਰ ਆਪਣੇ ਨਾਮ ਕਰਵਾਉਣਾ ਚਾਹੁੰਦਾ ਹੈ। ਇਤਰਾਜਕਰਤਾ ਆਪਣਾ ਇਤਰਾਜ਼ ਪੰਦਰਾਂ ਦਿਨਾਂ ਦੇ ਅੰਦਰ ਅੰਦਰ ਐਸ ਡੀ ਓ ਪਾਵਰਕਾਮ ਸ਼ਹਿਰੀ ਲਹਿਰਾ ਪਾਸ ਕਰ ਸਕਦਾ ਹੈ। ਇਸ ਤੋਂ ਬਾਅਦ ਮੋਟਰ ਨਾਮ ਬਦਲੀ ਕਰ ਦਿੱਤਾ ਜਾਵੇਗਾ।

ਇੱਕ ਵੀਹ ਹਾਰਸ ਪਾਵਰ ਦੀ ਮੋਟਰ ਜਿਸ ਦਾ ਖਾਤਾ ਨੰਬਰ ਕੇ ਆਰ ਏ ਪੀ 145 ਹੈ ਜੋ ਸੁਰਜੀਤ ਸਿੰਘ ਪੁੱਤਰ ਆਤਮਾ ਸਿੰਘ ਪਿੰਡ ਛਾਜਲੀ, ਤਹਿਸੀਲ ਸੁਨਾਮ, ਜ਼ਿਲ੍ਹਾ ਸੰਗਰੂਰ, ਰਕਬਾ ਖੋਖਰ ਦੇ ਨਾਮ ਚੱਲਦੀ ਹੈ। ਹੁਣ ਇਸਨੂੰ ਸ਼ੈਲਪ੍ਰੀਤ ਸਿੰਘ ਪੁੱਤਰ ਸੰਤਰਾਮ ਸਿੰਘ ਵਾਸੀ ਛਾਜਲੀ, ਰਕਬਾ ਖੋਖਰ ਆਪਣੇ ਨਾਮ ਕਰਵਾਉਣਾ ਚਾਹੁੰਦਾ ਹੈ। ਇਤਰਾਜਕਰਤਾ ਆਪਣਾ ਇਤਰਾਜ਼ ਪੰਦਰਾਂ ਦਿਨਾਂ ਦੇ ਅੰਦਰ ਅੰਦਰ ਐਸਡੀਓ ਪਾਵਰਕਾਮ ਸ਼ਹਿਰੀ ਲਹਿਰਾ ਪਾਸ ਕਰ ਸਕਦਾ ਹੈ। ਇਸ ਤੋਂ ਬਾਅਦ ਮੋਟਰ ਨਾਮ ਬਦਲੀ ਕਰ ਦਿੱਤਾ ਜਾਵੇਗਾ।

ਸਰਕਾਰੀ ਪ੍ਰਾਇਮਰੀ ਮਦਾਰਪੁਰ ਵਿੱਚ ਮਨਾਇਆ ਗਿਆ ਬਾਲ ਮੇਲਾ ਅਤੇ ਬਾਲ ਮੈਗਜ਼ੀਨ ਕੀਤੀ ਗਈ ਜਾਰੀ

ਆਜ਼ਾਦ ਸੋਚ,
ਨਰਿੰਦਰ ਨਿੰਦੀ,
ਪਠਾਨਕੋਟ, 14 ਨਵੰਬਰ :
===============

ਅੱਜ 14 ਨਵੰਬਰ ਨੂੰ ਬਾਲ ਦਿਵਸ ਦੇ ਮੌਕੇ ਤੇ ਸਰਕਾਰੀ ਪ੍ਰਾਇਮਰੀ ਸਕੂਲ ਮਦਾਰਪੁਰ ਦੇ ਵਿਹੜੇ ਦੇ ਵਿੱਚ ਨਿੱਕੇ ਨਿੱਕੇ ਬੱਚਿਆਂ ਅਤੇ ਬੱਚਿਆਂ ਦੇ ਮਾਪਿਆਂ ਦੇ ਨਾਲ ਸਕੂਲ ਮੁਖੀ ਬਲਕਾਰ ਅੱਤਰੀ ਦੀ ਅਗਵਾਈ ਹੇਠ ਬਾਲ ਮੇਲਾ ਮਨਾਇਆ ਗਿਆ। ਬਾਲ ਮੇਲੇ ਦੀ ਸੁਰੂਆਤ ਮੁੱਖ ਮਹਿਮਾਨ ਸੀਐਚਟੀ ਅੰਜੂ ਬਾਲਾ ਨੇ ਰਿਬਨ ਕੱਟ ਕੇ ਕੀਤੀ। ਇਸ ਮੌਕੇ ਉਨ੍ਹਾਂ ਨੇ ਸਕੂਲ ਸਟਾਫ ਨਾਲ ਬਾਲ ਮੈਗਜੀਨ ਵੀ ਜਾਰੀ ਕੀਤੀ ਬਾਲ ਮੇਲੇ ਵਿੱਚ ਭਾਸ਼ਣ ਪ੍ਰਤੀਯੋਗਤਾ, ਵਿੱਦਿਅਕ ਮੁਕਾਬਲੇ, ਕਵਿਜ ਕੰਪੀਟੀਸ਼ਨ, ਡਰਾਇੰਗ ਮੁਕਾਬਲੇ ਪੇਂਟਿੰਗ ਮੁਕਾਬਲੇ, ਗੀਤ ਗਾਇਨ ਮੁਕਾਬਲੇ, ਡਾਂਸ ਮੁਕਾਬਲੇ, ਰੋਲ ਪਲੇਅ ਮੁਕਾਬਲੇ ਕਰਵਾਏ ਗਏ। ਬਾਲ ਮੇਲੇ ਦੇ ਦੌਰਾਨ ਬੱਚਿਆਂ ਦੇ ਮਾਪਿਆਂ ਦੀਆਂ ਖੇਡਾਂ ਵੀ ਕਰਵਾਈਆਂ ਗਈਆਂ । ਪ੍ਰੀ-ਪ੍ਰਾਇਮਰੀ ਇੰਚਾਰਜ ਮਾਸਟਰ ਰਾਜੇਸ ਕੁਮਾਰ ਨੇ ਆਏ ਹੋਏ ਬੱਚਿਆਂ ਦੇ ਮਾਪਿਆਂ ਐਸਐਮਸੀ ਕਮੇਟੀ ਮੈਂਬਰਾਂ ਅਤੇ ਮੁੱਖ ਮਹਿਮਾਨ ਨੂੰ ਜੀ ਆਇਆਂ ਆਖਿਆ ਅਤੇ ਪੰਜਾਬ ਸਰਕਾਰ ਵੱਲੋਂ ਜੋ ਵੀ ਹਦਾਇਤਾਂ ਪ੍ਰਾਪਤ ਹੋਈਆਂ ਹਨ ਉਨ੍ਹਾਂ ਤੋਂ ਜਾਣੂ ਕਰਵਾਇਆ ਅਤੇ ਪ੍ਰਤੀਯੋਗਿਤਾਵਾਂ ਵਿਚ ਭਾਗ ਲੈਣ ਵਾਲੇ ਬੱਚਿਆਂ ਨੂੰ ਸ਼ੁੱਭ ਇੱਛਾਵਾਂ ਦਿੱਤੀਆਂ। ਸੈਂਟਰ ਹੈਡ ਟੀਚਰ ਅੰਜੂ ਬਾਲਾ ਵੱਲੋਂ ਮਾਪਿਆਂ ਨੂੰ ਦਾਖਲੇ ਸਬੰਧੀ ਪ੍ਰੇਰਿਤ ਕਰਦੇ ਹੋਏ ਵੱਧ ਤੋਂ ਵੱਧ ਬੱਚੇ ਆਪਣੇ ਪਿੰਡ ਦੇ ਸਰਕਾਰੀ ਪ੍ਰਾਇਮਰੀ ਸਕੂਲ ਵਿੱਚ ਦਾਖ਼ਲ ਕਰਵਾਉਣ ਲਈ ਅਪੀਲ ਕੀਤੀ ਗਈ ਅਤੇ ਬੱਚਿਆਂ ਦੇ ਮਾਪਿਆਂ ਨੂੰ ਪੰਜਾਬ ਸਰਕਾਰ ਵੱਲੋਂ ਸਕੂਲਾਂ ਨੂੰ ਦਿੱਤੀਆਂ ਜਾਣ ਵਾਲੀਆਂ ਬੱਚਿਆਂ ਸਬੰਧੀ ਸੁਵਿਧਾਵਾਂ ਤੋਂ ਜਾਣੂ ਕਰਵਾਇਆ ਗਿਆ। ਸਕੂਲ ਮੁਖੀ ਬਲਕਾਰ ਅੱਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਪੰਜਾਬ ਦੇ ਸਰਕਾਰੀ ਸਕੂਲਾਂ ਦੀ ਨੁਹਾਰ ਬਦਲਣ ਦੇ ਨਾਲ ਨਾਲ ਸਿਹਤ ਸੁਵਿਧਾਵਾਂ ਵੱਲ ਵੀ ਖਾਸ ਧਿਆਨ ਦਿੱਤਾ ਜਾ ਰਿਹਾ ਹੈ ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਹਰ ਤਰ੍ਹਾਂ ਦੀ ਸਹੂਲਤ ਪੰਜਾਬ ਦੇ ਸਰਕਾਰੀ ਸਕੂਲਾਂ ਵਿੱਚ ਪੜ੍ਹ ਰਹੇ ਬੱਚਿਆਂ ਦੇ ਲਈ ਦਿੱਤੀ ਜਾ ਰਹੀ ਹੈ। ਅੰਤ ਵਿੱਚ ਪ੍ਰਤੀਯੋਗਤਾਵਾਂ ਵਿੱਚ ਭਾਗ ਲੈ ਰਹੇ ਬੱਚਿਆਂ ਨੂੰ ਇਨਾਮ ਵੰਡੇ ਗਏ। ਇਸ ਮੌਕੇ ਤੇ ਰਾਜੇਸ ਕੁਮਾਰ, ਰਾਣੀ ਦੇਵੀ, ਰਾਜ ਰਾਣੀ, ਪ੍ਰਿਅੰਕਾ ਰਸੋਤਰਾ, ਵੀਰ ਸਿੰਘ, ਨੈਨਸੀ, ਵੰਦਨਾ ਦੇਵੀ, ਰਾਧਿਕਾ ਸਰਮਾ, ਜੀਵਿਕਾ, ਕਿਰਨ, ਹਨੀ, ਲੀਜਾ, ਮੀਰਾ ਆਦਿ ਹਾਜਰ ਸਨ।

ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕੱਟੂ ਵਿਖੇ ਬਾਲ ਮੇਲਾ ਕਰਵਾਇਆ ਗਿਆ

ਆਜ਼ਾਦ ਸੋਚ,
ਚੰਦ ਸਿੰਘ ਬੰਗੜ,
ਧਨੌਲਾ, 14 ਨਵੰਬਰ :
============

ਮਾਣਯੋਗ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ) ਬਰਨਾਲਾ ਸ. ਸਰਬਜੀਤ ਸਿੰਘ ਤੂਰ ਅਤੇ ਸਟੇਟ ਅਵਾਰਡੀ ਪ੍ਰਿੰਸੀਪਲ ਸ਼੍ਰੀ ਰਾਕੇਸ਼ ਕੁਮਾਰ ਜੀ ਦੀ ਸੁਯੋਗ ਅਗਵਾਈ ਅਧੀਨ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕੱਟੂ ਵਿਖੇ ਬਾਲ ਮੇਲਾ ਕਰਵਾਇਆ ਗਿਆ। ਇਸ ਮੌਕੇ ਮਾਂ ਬੋਲੀ ਪੰਜਾਬੀ ਨੂੰ ਸਮਰਪਿਤ ਵੱਖ-ਵੱਖ ਮੁਕਾਬਲੇ ਆਯੋਜਿਤ ਕੀਤੇ ਗਏ। ਇਸ ਦੇ ਅੰਤਰਗਤ ਪੰਜਾਬੀ ਪੜ੍ਹਨਾ, ਕਵਿਤਾ ਉਚਾਰਣ, ਭਾਸ਼ਣ, ਪੰਜਾਬੀ ਬੁਝਾਰਤਾਂ ਬੁੱਝਣਾ, ਮੁਹਾਵਰੇ ਅਤੇ ਅਖਾਣ, ਪੰਜਾਬੀ ਸੁੰਦਰ ਲਿਖਾਈ ਅਤੇ ਅੱਜ ਦਾ ਸ਼ਬਦ ਵਿੱਚੋਂ ਅੰਤਰ-ਹਾਊਸ ਮੁਕਾਬਲੇ ਕਰਵਾਏ ਗਏ। ਇਹਨਾਂ ਗਤੀਵਿਧੀਆਂ ਵਿੱਚ ਵਿਦਿਆਰਥੀਆਂ ਨੇ ਵਧ ਚੜ੍ਹ ਕੇ ਹਿੱਸਾ ਲਿਆ। ਇਸ ਸਮਾਗਮ ਦੀ ਪ੍ਰਧਾਨਗੀ ਸਰਪੰਚ ਸ. ਮਨਛਿੰਦਰ ਸਿੰਘ ਸਰਾਂ, ਸ੍ਰੀ ਪ੍ਰੇਮ ਕੁਮਾਰ ਕੱਟੂ ਸਮਾਜ ਸੇਵੀ ਅਤੇ ਉੱਘੇ ਪੱਤਰਕਾਰ ਸ. ਚੰਦ ਸਿੰਘ ਬੰਗੜ ਨੇ ਕੀਤੀ। ਸ. ਹਰਮਨਜੀਤ ਸਿੰਘ ਲੈਕ. ਇਕਨਾਮਿਕਸ ਵੱਲੋਂ ਮੁੱਖ ਮਹਿਮਾਨ ਸਾਹਿਬ ਨੂੰ ਜੀ ਆਇਆਂ ਕਿਹਾ ਗਿਆ ਅਤੇ ਸਕੂਲ ਦੀਆਂ ਪ੍ਰਾਪਤੀਆਂ ਬਾਰੇ ਚਾਨਣਾ ਪਾਇਆ ਗਿਆ। ਇਸ ਸ਼ੁਭ ਮੌਕੇ ਮੁੱਖ ਮਹਿਮਾਨ ਅਤੇ ਸਮੂਹ ਸਟਾਫ ਵੱਲੋਂ ਸਕੂਲ ਦੇ ਮੈਗਜੀਨ ‘ਦੀਵਿਆਂ ਦੀ ਲੋਅ’ ਨੂੰ ਲੋਕ ਅਰਪਣ ਕੀਤਾ ਗਿਆ। ਇਸ ਮੈਗਜੀਨ ਵਿੱਚ ਜਿੱਥੇ ਸਕੂਲ ਦੇ ਵਿਦਿਆਰਥੀਆਂ ਦੀਆਂ ਰਚਨਾਵਾਂ ਸ਼ਾਮਲ ਹਨ ਉੱਥੇ ਸਕੂਲ ਦੀਆਂ ਪ੍ਰਾਪਤੀਆਂ ਦਾ ਵੀ ਜ਼ਿਕਰ ਹੈ। ਮੁੱਖ ਮਹਿਮਾਨ ਜੀ ਵੱਲੋਂ ਵੱਖ-ਵੱਖ ਮੁਕਾਬਲਿਆਂ ਦੇ ਜੇਤੂ ਵਿਦਿਆਰਥੀਆਂ ਦੀ ਹੌਂਸਲਾ ਅਫਜਾਈ ਕੀਤੀ ਗਈ ਅਤੇ ਨਵੇਂ ਸ਼ੈਸ਼ਨ ਲਈ ਦਾਖਲਾ ਮੁਹਿੰਮ ਦਾ ਆਗਾਜ ਵੀ ਕੀਤਾ ਗਿਆ। ਇਸ ਮੌਕੇ ਮੰਚ ਸੰਚਾਲਕ ਦੀ ਭੂਮਿਕਾ ਲੈਕ. ਕਰਮਜੀਤ ਸਿੰਘ ਰੰਗੀਆਂ ਜੀ ਨੇ ਨਿਭਾਈ। ਇਸ ਮੌਕੇ ਸਮੂਹ ਸਟਾਫ ਅਤੇ ਵਿਦਿਆਰਥੀਆਂ ਵੱਲੋਂ ਸਰਕਾਰੀ ਸਕੂਲਾਂ ਵਿੱਚ ਦਾਖਲੇ ਲਈ ਜਾਗਰੂਕਤਾ ਪੈਦਾ ਕਰਨ ਲਈ ਇੱਕ ਰੈਲੀ ਵੀ ਕੱਢੀ ਗਈ। ਇਸ ਰੈਲੀ ਵਿੱਚ ਗ੍ਰਾਮ ਪੰਚਾਇਤ, ਸਕੂਲ ਮੈਨੇਜਮੈਂਟ ਕਮੇਟੀ ਦੇ ਮੈਂਬਰ ਸਹਿਬਾਨ ਅਤੇ ਹੋਰ ਪਤਵੰਤੇ ਵੀ ਹਾਜ਼ਰ ਸਨ।

ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਕੱਟੂ
ਜ਼ਿਲ੍ਹਾ ਬਰਨਾਲਾ

ICICI Home Finance

ਕਾਰਪੋਰੇਟ ਆਫਿਸ : ਆਈਸੀਆਈਸੀਆਈ ਹੋਮ ਫਾਈਨਾਂਸ ਕੰਪਨੀ ਲਿਮ. ਆਈਸੀਆਈਸੀਆਈ ਐਚਐਫਸੀ ਟਾਵਰ, ਅੰਧੇਰੀ-ਕੁਰਲਾ ਰੋਡ, ਅੰਧੇਰੀ (ਪੂਰਬ), ਮੁੰਬਈ-400059, ਇੰਡੀਆ

ਬਰਾਂਚ ਆਫਿਸ : ਪਹਿਲੀ ਮੰਜਿਲ, ਐਸਸੀਓ-146-147, ਫਿਰੋਜ਼ ਗਾਂਧੀ ਮਾਰਕੀਟ, ਲੁਧਿਆਣਾ-141001

(ਰੂਲ 8(6) ਦੀਆਂ ਹਦਾਇਤਾਂ ਦੇਖੋ)

ਅਚੱਲ ਸੰਪਤੀਆਂ ਦੀ ਵਿੱਕਰੀ ਦਾ ਨੋਟਿਸ

ਸਕਿਓਰਾਈਟਾਈਜੇਸ਼ਨ ਐਂਡ ਰੀਕੰਸਟਰਕਸ਼ਨ ਆਫ ਫਾਈਨਾਂਸ਼ੀਅਲ ਐਸੇਟਸ ਐਂਡ ਇਨਫੋਰਸਮੈਂਟ ਆਫ ਸਕਿਓਰਿਟੀ ਇੰਟਰਸਟ ਐਕਟ, 2002 ਦੇ ਨਾਲ ਪੜ੍ਹੇ ਜਾਂਦੇ ਸਕਿਊਰਿਟੀ ਇੰਟਰਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 8 (6) ਦੀਆਂ ਹਦਾਇਤਾਂ ਅਨੁਸਾਰ ਅਚੱਲ ਸੰਪਤੀਆਂ ਦੀ ਈ-ਆਕਸ਼ਨ ਵਿੱਕਰੀ ਨੋਟਿਸ।

ਇਸ ਨੋਟਿਸ ਰਾਹੀਂ ਆਮ ਜਨਤਾ ਅਤੇ ਖਾਸ ਤੌਰ ’ਤੇ ਕਰਜ਼ਦਾਰਾਂ ਅਤੇ ਗਰੰਟਰਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਹੇਠਾਂ ਦਰਸਾਈ ਅਚੱਲ ਸੰਪਤੀ ਸਕਿਊਰਡ ਕ੍ਰੇਡਿਟਰ ਕੋਲ ਮੋਰਟਗੇਜ/ਚਾਰਜਡ ਹੈ, ਜਿਸਦਾ **ਭੌਤਿਕ ਕਬਜ਼ਾ** ਆਈਸੀਆਈਸੀਆਈ ਹੋਮ ਫਾਈਨਾਂਸ ਕੰਪਨੀ ਲਿਮ. ਦੇ ਅਧਿਕਾਰਤ ਅਫਸਰ ਨੇ ਲੈ ਲਿਆ ਹੈ, ਨੂੰ ਹੇਠਾਂ ਦਰਸਾਏ ਵੇਰਵਿਆਂ ਅਨੁਸਾਰ ‘ਜਿਵੇਂ ਹੈ’, ‘ਜੋ ਹੈ’ ਅਤੇ ‘ਜੋ ਵੀ ਮੌਜੂਦ ਹੈ’ ਅਧਾਰ ’ਤੇ ਵੇਚੀਆਂ ਜਾਣਗੀਆਂ।

ਲੜੀ ਨੰ. (ੳ)	ਕਰਜ਼ਦਾਰ (†)/ਸਹਿ-ਕਰਜ਼ਦਾਰ/ਜ਼ਾਮਨਾਂ ਦੇ ਨਾਂ/ਕਰਜ਼ ਖਾਤਾ ਨੰਬਰ (ਅ)	ਸੁਰੱਖਿਅਤ ਸੰਪਤੀ ਦੇ ਵੇਰਵੇ (ਈ)	ਬਕਾਇਆ ਰਕਮ (ਰੁਪਏ ’ਚ) (ਸ)	ਰਾਖਵੀਂ ਕੀਮਤ ਤੇ ਬਿਆਨਾ ਰਕਮ (ਰੁਪਇਆਂ ਵਿੱਚ) (ਹ)	ਸੰਪਤੀ ਦੀ ਜਾਂਚ ਦੀ ਮਿਤੀ ਤੇ ਸਮਾਂ (ਕ)	ਨਿਲਾਮੀ ਦੀ ਮਿਤੀ ਤੇ ਸਮਾਂ (ਖ)
1	ਨਰਿੰਦਰ ਕੁਮਾਰ (ਕਰਜ਼ਦਾਰ) ਰਾਮਕਲੀ (ਸਹਿ ਕਰਜ਼ਦਾਰ) ਲੋਨ ਅਕਾਊਂਟ ਨੰ. LHLUD00001369264	ਖਸਰਾ ਨੰ.11//2-11//9-11//19, ਐਚ ਨੰ.652, ਆਸ਼ਿਆਨਾ ਪਿੰਡ ਹੁਸੈਨਪੁਰਾ, ਤਹਿਸੀਲ ਤੇ ਜਿਲ੍ਹਾ ਲੁਧਿਆਣਾ ਪੰਜਾਬ-141001	ਰੁ. 5,77,511/ 10 ਨਵੰਬਰ 2022	ਰੁ 6,78,120/- ਰੁ 67,812/-	13 ਦਸੰਬਰ 2022 ਤੋਂ ਸਵੇਰੇ 11:00 ਵਜੇ ਤੋਂ 3:00 ਵਜੇ ਦੁਪਹਿਰ ਬਾਅਦ ਤੱਕ	16 ਦਸੰਬਰ 2022 ਨੂੰ ਦੁਪਹਿਰ ਬਾਅਦ 02:00 ਵਜੇ ਤੋਂ ਦੁਪਹਿਰ ਬਾਅਦ 3.00 ਵਜੇ ਤੱਕ

ਆਨਲਾਈਨ ਬੋਲੀ ਵੈਬਸਾਈਟ **(URL Link-https://sarfaesi.auctiontiger.net/EPROC/)** ਸਾਡੀ ਬੋਲੀ ਏਜੰਸੀ ਆਕਸ਼ਨ ਟਾਈਗਰ ’ਤੇ ਕੀਤੀ ਜਾਵੇਗੀ। ਰਹਿਣਨਾਮਾਕਾਰਾਂ/ਨੋਟਿਸੀ ਨੂੰ ਆਖਿਰੀ ਮੌਕਾ ਦਿੱਤਾ ਜਾਂਦਾ ਹੈ ਕਿ ਉਹ **15 ਦਸੰਬਰ 2022 ਨੂੰ ਸ਼ਾਮ 05.00 ਵਜੇ ਤੋਂ ਪਹਿਲਾਂ** ਰਹਿੰਦੀ ਸਾਰੀ ਅਦਾਇਗੀ ਸਮੇਤ ਵਿਆਜ ਕਰ ਦੇਣ ਨਹੀਂ ਤਾਂ ਇਹ ਸੁਰੱਖਿਅਤ ਅਸਾਸੇ ਦੱਸੇ ਸ਼ਡਿਊਅਲ ਮੁਤਾਬਕ ਨਿਲਾਮ ਕਰ ਦਿੱਤੇ ਜਾਣਗੇ।

ਇੱਛੁਕ ਬੋਲੀਕਾਰ (†) ਨੂੰ “ਸੰਪੱਤੀ ਦੀ ਖਰੀਦ ਲਈ ਉਕਤ ਦਰਸਾਈ ਬਿਆਨਾ ਰਕਮ (ਈਐਮਡੀ), ਡਿਮਾਂਡ ਡਰਾਫਟ (ਡੀਡੀ) (ਕਾਲਮ ‘ਹ’ ਵਿਚ ਦਿੱਤੇ ਹਵਾਲੇ ਅਨੁਸਾਰ) **ਆਈਸੀਆਈਸੀਆਈ ਹੋਮ ਫਾਈਨਾਂਸ ਕੰਪਨੀ ਲਿਮ., ਪਹਿਲੀ ਮੰਜਿਲ, ਐਸਸੀਓ-146-147, ਫਿਰੋਜ਼ ਗਾਂਧੀ ਮਾਰਕੀਟ, ਲੁਧਿਆਣਾ-141001** ’ਤੇ ਅਤੇ ਉਸ ਤੋਂ ਬਾਅਦ ਆਪਣੀ ਪੇਸ਼ਕਸ਼ ਸਮੇਤ ਈਐਮਡੀ ਰਕਮ ਦੇ ਪਰੂਫ ਵਜੋਂ ਬੈਂਕ ਵੱਲੋਂ ਜਾਰੀ ਡੀਡੀ ਦੀ ਸਕੈਨ ਕਾਪੀ ਕੇਵਲ ਉਕਤ ਦਰਸ਼ਾਈ ਵੈਬਸਾਈਟ ਰਾਹੀਂ ਹੀ **15 ਦਸੰਬਰ 2022 ਨੂੰ ਸ਼ਾਮ 04 ਵਜੇ ਤੋਂ ਪਹਿਲਾਂ** ਜਮਾਂ ਕਰਵਾਉਣੀ ਹੋਵੇਗੀ। ਕ੍ਰਿਪਾ ਨੋਟ ਕਰੋ, ਜੇਕਰ ਇੱਛੁਕ ਬੋਲੀਕਾਰ ਵੈਬਸਾਈਟ ਰਾਹੀਂ ਉਨ੍ਹਾਂ ਦੀ ਪੇਸ਼ਕਸ ਜਮ੍ਹਾਂ ਕਰਨ ਵਿੱਚ ਅਸਫਲ ਰਹਿੰਦੇ ਹਨ ਤਾਂ ਉਨ੍ਹਾਂ ਨੂੰ ਟੈਂਡਰ ਡਾਕੂਮੈਂਟਸ ਦੀ ਸਹੀਬੱਧ ਕਾਪੀ **ਆਈਸੀਆਈਸੀਆਈ ਹੋਮ ਫਾਈਨਾਂਸ ਕੰਪਨੀ ਲਿਮ., ਪਹਿਲੀ ਮੰਜਿਲ, ਐਸਸੀਓ-146-147, ਫਿਰੋਜ਼ ਗਾਂਧੀ ਮਾਰਕੀਟ, ਲੁਧਿਆਣਾ**-141001 ਵਿਖੇ **15 ਦਸੰਬਰ 2022 ਨੂੰ ਸ਼ਾਮ 05.00 ਵਜੇ ਤੋਂ ਪਹਿਲਾਂ** ਜਮਾਂ ਕਰਵਾਉਣੀ ਪਵੇਗੀ। ਬਿਆਨਾ ਰਕਮ ਦਾ ਈਐਮਡੀ ਡੀਡੀ/ਪੀਓ **ਲੁਧਿਆਣਾ** ਵਿਖੇ ਅਦਾਇਗੀਯੋਗ **“ਆਈਸੀਆਈਸੀਆਈ ਹੋਮ ਫਾਈਨਾਂਸ ਕੰਪਨੀ ਲਿਮ.-ਆਕਸ਼ਨ** ਦੇ ਪੱਖ ਵਿਚ ਕਿਸੇ ਕੌਮੀਕ੍ਰਿਤ/ਸੂਚੀਬਧ ਬੈਂਕ ਵਲੋਂ ਹੋਣਾ ਚਾਹੀਦਾ ਹੈ।

ਜਾਂਚ, ਨਿਲਾਮੀ ਦੇ ਨਿਯਮ ਤੇ ਸ਼ਰਤਾਂ ਜਾਂ ਟੈਂਡਰਾਂ ਦੀ ਪੇਸ਼ਕਸ਼ ਸਬੰਧੀ ਕਿਸੇ ਵੀ ਵਧੇਰੇ ਸਪਸ਼ਟੀਕਰਨ ਲਈ ਕ੍ਰਿਪਾ ਕਰਕੇ **ਆਈਸੀਆਈਸੀਆਈ ਹੋਮ ਫਾਈਨਾਂਸ ਕੰਪਨੀ ਲਿਮਟਿਡ** ਦੇ ਨਾਲ **7021072869** ’ਤੇ ਸੰਪਰਕ ਕਰੋ।

ਅਧਿਕਾਰਤ ਅਧਿਕਾਰੀ ਕੋਲ ਕਿਸੇ ਵੀ ਜਾਂ ਸਾਰੀਆਂ ਬੋਲੀਆਂ ਬਿਨਾਂ ਕੋਈ ਵੀ ਕਾਰਨ ਦੱਸੇ ਰੱਦ ਕਰਨ ਦਾ ਹੱਕ ਰਾਖਵਾਂ ਹੈ।

ਕਿਰਪਾ ਕਰਕੇ ਬੋਲੀ ਦੀਆਂ ਹੋਰ ਵਿਸਥਾਰਤ ਨਿਯਮ ਤੇ ਸ਼ਰਤਾਂ ਲਈ ਆਈਸੀਆਈਸਆਈ ਬੈਂਕ ਲਿਮ. ਦੀ ਵੈਬਸਾਈਟ ਦੇਖੋ।

ਵਿਕਰੀ ਸਬੰਧੀ ਸ਼ਰਤਾਂ ਅਤੇ ਹੋਰ ਜਾਣਕਾਰੀ ਲਈ **https://www.icicihfc.com/** ’ਤੇ ਸੰਪਰਕ ਕਰੋ।

ਮਿਤੀ : 15 ਨਵੰਬਰ 2022
ਸਥਾਨ : ਲੁਧਿਆਣਾ

ਸਹੀ/-
ਅਧਿਕਾਰਤ ਅਧਿਕਾਰੀ
ਆਈਸੀਆਈਸੀਆਈ ਹੋਮ ਫਾਈਨਾਂਸ ਕੰਪਨੀ ਲਿਮ.

Court Notice

(U/o 5 Rule 20 CPC)
(Under Guardian and Ward Act)
In the Court of Sh. Imanbir Singh Dhaliwal Additional Civil Judge (Senior Division), Kharar
Next Date , Purpose of case, Orders and Judgments as well as other case information is available on http://ecourts.gov.in
CNR No : PBSAA0-000939-2022
Next Date : 07-12-2022
Jasbir Kaur
Versus
General Public
Notice To:
General Public

In above titled case , the defendant(s)/respondent(s) could not be served .It is ordered that defendant(s)/respondent(s) should appear in person or through counsel on **07-12-2022 at 10:00 a.m.**
For details logon to https://highcourtchd.gov.in/?trs=district_notice&district=SAS Nagar

Sd/-
Additional Civil Judge
(Senior Division)
Kharar

Court Notice

In the Court of Ms. Ankita Mittal Judicial Magistrate-1st Class-2 Nabha
Next Date , Purpose of case, Orders and Judgments as well as other case information is available on http://ecourts.gov.in
COMA/358/2020
CNR No : PBPTB1-002092-2020
Police Station/ FIR No.Kotwali Nabha//0
Next Date : 20-01-2023
138 of Negotiable Instrument Act
Joban Preeet Singh
Versus
Manmeet Narula
Proclamation Requiring the Appearance of a Person Accused
Detail of offence:-
Publication Issued To:
Manmeet Narula Son :- Rajinder Singh Narula H. No. 545, Sakian Street, Mehas gate, Nabha, Distt. Patiala Mobile No. 9855136730 and 7814946730

WHEREAS complaint/case has been made before me that **Manmeet Narula R/o H. No. 545 Sakina Street Mehs Gate Nabha** has committed (or is suspected to have committed) the offence punishable under section **138 of Negotiable Instruments Act** and it has been returned to a warrant of arrest thereupon issued that the said **Manmeet Narula** cannot be found, and whereas it has been shown to my satisfaction that the said **Manmeet Narula** has absconded (or is concealing himself/herself to avoid the service of the said warrant), Proclamation is hereby made that the said **Manmeet Narula** is required to appear before this Court (or before me) on **20-01-2023** to answer the said complaint/case.
Dated , This day of : **11-11-2022**

Sd/-
Judicial Magistrate-1st
Class-2
Nabha

Court Notice

(U/o 5 Rule 20 CPC)
In the Court of Ms. Rajbeer Kaur Civil Judge (Junior Division), Ludhiana
Next Date , Purpose of case, Orders and Judgments as well as other case information is available on http://ecourts.gov.in
CNR No : PBLD02-007334-2022
Next Date : 05-12-2022
Naresh Kumar Jerath
Versus
Pawan Modgil
Publication Issued To:
Pawan Modgil S/o Sh. Kanshi Ram C/o Cotton Care Exports Pvt. Ltd., 2. Bal Singh Nagar, Rahon road, Ludhiana 141007 Since deceased through his legal HEIRS/Legal representatives : 1. SMT. Kajal Modgil widow of Sh. Pawan Modgil, 2. Sh. Rajiv Modgil Son of Late Sh. Pawan Modgil, 3. Ms. Mehak Modgil daughter of Late Sh. Pawan Modgil, 4. Smt. Gayatri Devi Modgil wife of Late Sh. Kanshi Ram. All. Residents of St. No. 2, Bal Singh Nagar Rahon road, Ludhiana.

In above titled case , the defendant(s)/respondent(s) could not be served .It is ordered that defendant(s)/respondent(s) should appear in person or through counsel on **05-12-2022 at 10:00 a.m.**
For details logon to https://highcourtchd.gov.in/?trs=district_notice&district=Ludhiana
Dated , This day of : **29-10-2022**

Sd/-
Civil Judge (Junior Division)
Ludhiana

Court Notice

In the Court of Sh. Mukesh Kumar Singla Judicial Magistrate 1st Class-3 S.A.S Nagar
Next Date , Purpose of case, Orders and Judgments as well as other case information is available on http://ecourts.gov.in
CNR No : PBSA03-004435-2020
Next Date : 17-12-2022
FIR Detail : PS//
Complaint under Section 138 of the Negotiable Instrument Act
M/S Equitas Small Finance Bank Ltd
Versus
Satnam Kumar
Notice To:
Satnam Kumar son of Des Raj Resident of Ward No. 11, Sardoolgarh District Mansa

In above titled case , the accused could not be served .It is ordered that accused should appear in person or through counsel on **17-12-2022 at 10:00 a.m.**
For details logon to https://highcourtchd.gov.in/?trs=district_notice&district=mohali
Dated , This day of : **12-11-2022**

Sd/-
Judicial Magistrate 1st
Class-3
S.A.S Nagar

Court Notice

In the Court of Sh. Mukesh Kumar Singla Judicial Magistrate 1st Class-3 S.A.S Nagar
Next Date , Purpose of case, Orders and Judgments as well as other case information is available on http://ecourts.gov.in
CNR No : PBSA03-001086-2018
Next Date : 29-11-2022
FIR Detail : PS//
Complaint under Section 138 of the Negotiable Instrument Act, 1881
Sarbjeet Singh Gulati
Versus
Manish Batra
Notice To:
1. Manish Batra son of A.N Batra resident of house No. 736, Sector 69, SAS Nagar Mohali.
2. Rajdeep Kaur wife of Manish Batra, resident of House No. 736, Sector 69, SAS Nagar Mohali

In above titled case , the accused could not be served .It is ordered that accused should appear in person or through counsel on **29-11-2022 at 10:00 a.m.**
For details logon to https://highcourtchd.gov.in/?trs=district_notice&district=mohali
Dated , This day of : **12-11-2022**

Sd/-
Judicial Magistrate 1st
Class-3
S.A.S Nagar

Court Notice

(U/o 5 Rule 20 CPC)
In the Court of Sh. Vijay Kumar-1 Civil Judge Junior Division-6, Patiala
Next Date , Purpose of case, Orders and Judgments as well as other case information is available on http://ecourts.gov.in
CNR No : PBPT02-002368-2022
Next Date : 15-12-2022
Jagar Singh @ Ujjagar Singh S/o Mehar Singh R/o Village Lalochhi PO Gajju Majra Distt. Patiala
Versus
Sharandeep Singh S/o Jagar Singh @ Ujjagar Singh
Suit for Declaration and Permanent Injunction
Publication Issued To:
Sharandeep Singh S/o : Jagar Singh @ Ujjagar Singh

In above titled case , the defendant(s)/respondent(s) could not be served .It is ordered that defendant(s)/respondent(s) should appear in person or through counsel on **15-12-2022 at 10:00 a.m.**
For details logon to https://highcourtchd.gov.in/?trs=district_notice&district=Patiala
Dated , This day of : **14-11-2022**

Sd/-
Civil Judge Junior
Division-6
Patiala

Court Notice

(U/o 5 Rule 20 CPC)
In the Court of Ms. Shampy Chaudhary Additional Civil Judge (Sr. Divn) Amloh (P)
Next Date , Purpose of case, Orders and Judgments as well as other case information is available on http://ecourts.gov.in
CNR No : PBFGA0-000274-2022
Next Date : 31-01-2023
Damandeep Kaur Aulakh D/o Late Jagdish Singh S/o Rattan Singh and W/o Sh. Talvir Singh R/o Village Salana Dulla Singh wala Tehsil Amloh District Fatehgarh Sahib
Versus
Daljit Kaur
Publication Issued To:
8. Jaspreet Kaur D/o Dhian Singh S/o Rattan Singh W/o Raj Kumar R/o Village Thot 289 District Kurukhetra (Haryana)

In above titled case , the defendant(s)could not be served .It is ordered that defendant(s)should appear in person or through counsel on **31-01-2023 at 10:00 a.m.**
For details logon to https://highcourtchd.gov.in/?trs=district_notice&district=Fatehgarh Sahib
Dated , This day of : **14-11-2022**

Sd/-
Additional Civil Judge
(Sr. Divn)
Amloh (P)

Court Notice

In the Court of Sh. Mukesh Kumar Singla Judicial Magistrate 1st Class-3 S.A.S Nagar
Next Date , Purpose of case, Orders and Judgments as well as other case information is available on http://ecourts.gov.in
CNR No : PBSA03-004428-2020
Next Date : 17-12-2022
FIR Detail : PS//
Complaint under Section 138 of the Negotiable Instrument Acts, 1881
M/S Equitas Small Finance Bank Ltd
Versus
Kuldeep Singh
Notice To:
Kuldeep Singh son of Labh Singh, resident of Village Bahadarpur, post office Bahadarpur District Mansa

In above titled case , the accused could not be served .It is ordered that accused should appear in person or through counsel on **17-12-2022 at 10:00 a.m.**
For details logon to https://highcourtchd.gov.in/?trs=district_notice&district=mohali
Dated , This day of : **12-11-2022**

Sd/-
Judicial Magistrate 1st
Class-3
S.A.S Nagar

Court Notice

(U/o 5 Rule 20 CPC)
In the Court of Ms. Babaljit Kaur Civil Judge (Junior Division), Barnala
Next Date , Purpose of case, Orders and Judgments as well as other case information is available on http://ecourts.gov.in
CNR No : PBBR02-000619-2021
Next Date : 21-12-2022
Raj Kumar
Versus
Sunita Rani
Suit for recovery of Rs. 269875
Publication Issued To:
1. Satpal Sharma S/o Navdeep Sharma
2. Asha Rani W/o Satpal Sharma r/o Badrukha, Distt. Sangrur (Legal HEIR of navdeep Sharma S/o Late Sat Parkash Sharma)

In above titled case , the defendant(s)/respondent(s) could not be served .It is ordered that defendant(s)/respondent(s) should appear in person or through counsel on **21-12-2022 at 10:00 a.m.**
For details logon to https://highcourtchd.gov.in/?trs=district_notice&district=Barnala
Dated , This day of : **12-11-2022**

Sd/-
Civil Judge (Junior Division)
Barnala